# ਕਲਾ ਦੇ ਝਰੋਖੇ ਤੋਂ

**ਕਲਾਕਾਰਾਂ ਵਲੋਂ ਹੱਕ ਤੇ ਸੱਚ ਦੀ ਆਵਾਜ਼**

ਕਸ਼ਮੀਰ ਦਾ ਮਸਲਾ ਹਿੰਦੁਸਤਾਨ ਅਤੇ ਪਾਕਿਸਤਾਨ ਦਰਮਿਆਨ ਦੁਸ਼ਮਣੀ ਦਾ ਇਕ ਮੁੱਦਾ ਬਣਿਆ ਹੋਇਆ ਹੈ। ਦੇਸ਼ ਦੀ ਵੰਡ ਤੋਂ ਬਾਅਦ ਕਬਾਇਲੀਆਂ ਦਾ ਹਮਲਾ, 1965, 1971 ਦੀਆਂ ਜੰਗਾਂ ਇਸ ਦੁਸ਼ਮਣੀ ਦੀ ਦੇਣ ਹਨ। ਇਸ ਦੁਸ਼ਮਣੀ ਦਾ ਇਕ ਮੰਦਭਾਗਾ ਅਸਰ ਸਭਿਆਚਾਰ ਦੇ ਮਾਮਲਿਆਂ ਉਤੇ ਹੈ, ਜੋ ਬਹੁਤ ਹੱਦ ਤਕ ਦੋਹਾਂ ਦੇਸ਼ਾਂ ਦਾ ਸਾਂਝਾ ਹੈ। ਦੋਵੇਂ ਦੇਸ਼ਾਂ ਦੇ ਕਲਾਕਾਰ ਅਤੇ ਸਾਹਿਤਕਾਰ ਆਪਸੀ ਮੇਲਜੋਲ ਰੱਖਣਾ ਚਾਹੁੰਦੇ ਹਨ। ਸਾਂਝੀਆਂ ਕਾਨਫਰੰਸਾਂ ਅਤੇ ਸੰਮੇਲਨ ਕਰਨ ਦੇ ਚਾਹਵਾਨ ਹਨ। ਬਾਹਰਲੇ ਦੇਸ਼ਾਂ ਵਿਚ ਇਹ ਸਾਂਝੇ ਸੰਮੇਲਨ ਕਰਦੇ ਵੀ ਹਨ। ਗੀਤ ਸੁਣਦੇ ਹਨ, ਕਵਿਤਾ ਸੁਣਦੇ ਹਨ, ਕਹਾਣੀ ਸੁਣਦੇ ਹਨ, ਨਾਟਕ ਵੇਖਦੇ ਹਨ ਪਰ ਆਪਣੇ ਦੇਸ਼ਾਂ ਵਿਚ ਉਨ੍ਹਾਂ ਲਈ ਰੁਕਾਵਟਾਂ ਹੀ ਰੁਕਾਵਟਾਂ ਹਨ। ਦੋਵੇਂ ਪਾਸੇ ਸੂਝਵਾਨ ਲੋਕਾਂ ਦੀ ਰਾਇ ਹੈ ਕਿ ਕਸ਼ਮੀਰ ਦੇ ਮਸਲੇ ਬਾਰੇ ਦੋਵੇਂ ਮੁਲਕਾਂ ਦੇ ਸਿਆਸੀ ਲੀਡਰਾਂ ਨੇ ਗਲਤ ਰਵੱਈਆ ਅਪਣਾਇਆ ਹੋਇਆ ਹੈ। ਇਸੇ ਕਾਰਨ ਕਸ਼ਮੀਰ ਦੇ ਲੋਕਾਂ ਦਾ ਉਜਾੜਾ ਹੋ ਰਿਹਾ ਹੈ। ਪਿਛਲੇ 48 ਸਾਲਾਂ ਤੋਂ ਉਹ ਇਕ ਦਹਿਸ਼ਤ ਦੇ ਪਰਛਾਵੇਂ ਥੱਲੇ ਜੀ ਰਹੇ ਹਨ। ਇਸ ਸਾਰੇ ਵਰਤਾਰੇ ਬਾਰੇ ਸਮੇਂ ਦੇ ਨਾਲ ਟਿੱਪਣੀਆਂ ਵੀ ਆਂਦੀਆਂ ਹਨ ਪਰ ਗੱਲ ਖੁਲ੍ਹ ਕੇ ਨਹੀਂ ਹੁੰਦੀ। ਇਸ ਦਿਸ਼ਾ ਵਿਚ ਇਕ ਪਹਿਲਕਦਮੀ ਫਿਲਮਸ਼ਾਜ਼ ਤੱਪਨ ਬੋਸ ਦੀ ਕੋਸ਼ਿਸ਼ ਨਾਲ ਹੋਈ ਹੈ। ਤੱਪਨ ਬੋਸ ਬੜੇ ਸਾਲਾਂ ਤੋਂ ਜਮਹੂਰੀ ਹੱਕਾਂ ਲਈ ਸੰਘਰਸ਼ ਕਰਦੀ ਲਹਿਰ ਨਾਲ ਜੁੜਿਆ ਹੋਇਆ ਹੈ। ਉਹਨੇ ਇਕ ਫੋਰਮ ਦਾ ਗਠਨ ਕੀਤਾ ਹੈ, ਜਿਸ ਦਾ ਨਾਂ ਹੈ 'ਅਮਨ ਅਤੇ ਜਮਹੂਰੀਅਤ ਲਈ ਹਿੰਦ-ਪਾਕਿ ਲੋਕ ਫੋਰਮ।' ਇਸ ਦੀ ਪਹਿਲੀ ਕਨਵੈਨਸ਼ਨ ਇਸ ਹਫਤੇ ਦਿੱਲੀ ਵਿਖੇ ਹੋਈ ਹੈ। ਇਸ ਵਿਚ ਹਿੰਦੁਸਤਾਨ ਅਤੇ ਪਾਕਿਸਤਾਨ ਦੇ ਲੇਖਕਾਂ ਅਤੇ ਕਲਾਕਾਰਾਂ ਦੇ ਇਲਾਵਾ ਪੱਤਰਕਾਰਾਂ ਅਤੇ ਬੁੱਧੀਜੀਵੀਆਂ ਨੇ ਹਿੱਸਾ ਲਿਆ ਹੈ। ਦੋਸਤਾਨਾਂ ਮਾਹੌਲ ਵਿਚ ਉਨ੍ਹਾਂ ਨੇ ਕਸ਼ਮੀਰ ਦੇ ਮਸਲੇ ਬਾਰੇ ਆਪਣੇ ਵਿਚਾਰ ਦੱਸੇ ਹਨ। ਲੋਕ ਰਾਏ ਬਣਾਉਣ ਲਈ ਇਹ ਵਿਚਾਰ ਸਹਾਈ ਵੀ ਹੋਣਗੇ। ਤੱਪਨ ਬੋਸ ਨੇ ਇਕ ਮੁਲਾਕਾਤ ਵਿਚ ਦੱਸਿਆ ਹੈ ਕਿ ਲੋੜ ਹੈ ਅਸੀਂ ਦੋਹਾਂ ਮੁਲਕਾਂ ਦੇ ਦਰਮਿਆਨ ਚੰਗਾ ਵਾਤਾਵਰਣ ਬਣਾਉਣ ਲਈ ਦਬਾਅ ਪਾਈਏ। ਅਸੀਂ ਮੰਗ ਕਰਾਂਗੇ ਕਿ ਪਾਕਿਸਤਾਨ ਬਾਰਡਰ ਦੇ ਪਾਰੋਂ ਕਸ਼ਮੀਰ ਵਿਚ ਘੁਸਪੈਠੀਏ ਨਾ ਭੇਜੇ ਅਤੇ ਹਿੰਦੁਸਤਾਨ ਆਪਣੀ ਥਾਂ ਕਸ਼ਮੀਰ ਦੇ ਲੋਕਾਂ ਨੂੰ ਆਪਣੀ ਹੋਣੀ ਬਾਰੇ ਫੈਸਲਾ ਕਰਨ ਦਾ ਮੌਕਾ ਦੇਵੇ। ਇਹ ਹੱਕ ਤੇ ਸੱਚ ਦੀ ਆਵਾਜ਼ ਹੈ, ਕਲਾ ਅਤੇ ਸਾਹਿਤ ਨਾਲ ਜੁੜੇ ਹੋਏ ਲੋਕਾਂ ਨੂੰ ਇਨ੍ਹਾਂ ਮਸਲਿਆਂ 'ਤੇ ਅੱਗੇ ਆ ਕੇ ਦਖਲਅੰਦਾਜ਼ੀ ਕਰਨੀ ਚਾਹੀਦੀ ਹੈ। ਇਹ ਸਾਰੇ ਮਸਲੇ ਸਿਰਫ ਸਿਆਸਤਦਾਨਾਂ ਲਈ ਨਹੀਂ ਛੱਡੇ ਜਾ ਸਕਦੇ। ਇਕ ਕਲਾਕਾਰ ਦੀ ਪਹਿਲਕਦਮੀ 'ਤੇ ਇਸ ਫੋਰਮ ਦਾ ਹੋਂਦ ਵਿਚ ਆਉਣਾ ਇਕ ਮੁਬਾਰਕ ਗੱਲ ਹੈ।

**ਕਲਾ ਦੇ ਵਪਾਰੀਕਰਨ ਵਿਰੁੱਧ ਰੋਸ ਵਿਖਾਵੇ**

ਕਲਕੱਤੇ ਵਿਚ ਇਨਕਲਾਬੀ ਵਿਚਾਰਧਾਰਾ ਦੇ ਨੌਜਵਾਨਾਂ ਨੇ ਵਪਾਰਕ ਕਿਸਮ ਦੇ ਹੋ ਰਹੇ ਥੀਏਟਰ ਵਿਰੁੱਧ ਵਿਖਾਵੇ ਕੀਤੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪੈਸਾ ਕਮਾਉਣ ਦੀ ਨੀਅਤ ਨਾਲ ਇਨ੍ਹਾਂ ਨਾਟਕਾਂ ਵਿਚ ਲੱਚਰ ਕਿਸਮ ਦੇ ਵਾਰਤਾਲਾਪ ਬੋਲੇ ਜਾਂਦੇ ਹਨ। ਹੋਟਲਾਂ ਵਿਚ ਸਰੀਰਕ ਪ੍ਰਦਰਸ਼ਨੀ ਕਰਨ ਵਾਲੀਆਂ ਕਲਾਕਾਰ ਇਨ੍ਹਾਂ ਨਾਟਕਾਂ ਵਿਚ ਕੰਮ ਕਰਦੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਨਾਟਕ ਬੰਗਾਲੀ ਸਭਿਆਚਾਰ ਉਤੇ ਇਕ ਮਾਰੂ ਹਮਲਾ ਹੈ। ਕਲਕੱਤੇ ਵਿਚ ਜੋ ਗੱਲ ਉਭਰ ਕੇ ਸਾਹਮਣੇ ਆਈ ਹੈ, ਉਹ ਸਭਿਆਚਾਰਕ ਖੇਤਰ ਵਿਚ ਹੁਣ ਸਾਰੇ ਮੁਲਕ ਉਤੇ ਲਾਗੂ ਹੁੰਦੀ ਹੈ। ਵੱਡੇ ਵੱਡੇ ਵਪਾਰਕ ਘਰਾਣੇ, ਜਿਹੜੇ ਆਪਣੀ ਆਪਣੀ ਥਾਂ ਵੱਡੀਆਂ ਅਖਬਾਰਾਂ ਦੇ ਮਾਲਕ ਵੀ ਹਨ, ਉਨ੍ਹਾਂ ਦੀ ਇਹ ਕੋਸ਼ਿਸ਼ ਹੈ ਕਿ ਲੋਕ ਚੇਤਨਾ ਨੂੰ ਖੁੰਢਿਆਂ ਕੀਤਾ ਜਾਵੇ। ਉਹ ਇਕ ਦਲੀਲ ਦਿੰਦੇ ਹਨ ਕਿ ਲੋਕ ਚੁਸਤ ਵਾਰਤਾਲਾਪ ਜਾਂ ਗਰਮ ਵਿਸ਼ਿਆਂ ਵਾਲੇ ਸੈਕਸੀ ਨਾਟਕਾਂ ਨੂੰ ਵੇਖਣਾ ਚਾਹੁੰਦੇ ਹਨ ਤਾਂ ਫੇਰ ਨਾਟਕ ਕਿਉਂ ਨਾ ਪੇਸ਼ ਹੋਣ? ਵਪਾਰ ਵਾਲਿਆਂ ਨੇ ਤਾਂ ਉਹ ਚੀਜ਼ ਮਾਰਕੀਟ ਵਿਚ ਲਿਆਉਣੀ ਹੁੰਦੀ ਹੈ, ਜੋ ਵਿਕੇ। ਸਭਿਆਚਾਰ, ਜੇਕਰ ਵਪਾਰ ਬਣ ਜਾਏ ਤਾਂ ਇਹ ਫਿਕਰ ਵਾਲੀ ਗੱਲ ਹੈ। ਉਂਜ ਬੰਗਾਲ ਦੇ ਲੋਕਾਂ ਲਈ ਇਸ ਫਿਕਰ ਤੋਂ ਛੁਟਕਾਰਾ ਪਾਉਣਾ ਕੋਈ ਮੁਸ਼ਕਿਲ ਗੱਲ ਨਹੀਂ ਕਿਉਂਕਿ ਬੰਗਾਲ ਦੇ ਡਰਾਮੇ ਦੀਆਂ ਆਪਣੀਆਂ ਇਨਕਲਾਬੀ ਰਵਾਇਤਾਂ ਹਨ ਤੇ ਪ੍ਰਤੀਬੱਧ ਨਾਟਕਕਾਰਾਂ ਨੇ ਹਮੇਸ਼ਾ ਵਪਾਰਕ ਥੀਏਟਰ ਦਾ ਸਫਲਤਾ ਨਾਲ ਮੁਕਾਬਲਾ ਕੀਤਾ ਹੈ। ਇਥੇ ਇਹ ਜ਼ਿਕਰ ਕਰਨਾ ਪ੍ਰਸੰਗ ਤੋਂ ਬਾਹਰ ਨਹੀਂ ਹੋਵੇਗਾ ਕਿ ਪੰਜਾਬ ਦੇ ਕਲਾ ਪ੍ਰੇਮੀਆਂ ਨੂੰ ਮਾਰਕਸੀ ਪਾਰਟੀ ਦੀ 15ਵੀਂ ਕਾਂਗਰਸ ਜੋ ਚੰਡੀਗੜ੍ਹ ਵਿਚ 3-8 ਅਪਰੈਲ ਹੋ ਰਹੀ ਹੈ, ਉਸ ਦੇ ਸਭਿਆਚਾਰਕ ਪ੍ਰੋਗਰਾਮਾਂ ਵਿਚ 4 ਅਪਰੈਲ ਪ੍ਰੇਡ ਗਰਾਊਂਡ ਚੰਡੀਗੜ੍ਹ ਵਿਚ ਮਰਹੂਮ ਉਤਪਲ ਦੱਤ ਦਾ ਪ੍ਰਸਿੱਧ ਨਾਟਕ 'ਕਾਲੋਲ' ਵੇਖਣ ਦਾ ਮੌਕਾ ਮਿਲੇਗਾ। ਇਹ ਨਾਟਕ ਭਾਰਤੀ ਥੀਏਟਰ ਦੀ ਗੌਰਵਮਈ ਪ੍ਰਾਪਤੀ ਹੈ, ਜੋ ਜਹਾਜੀਆਂ ਦੀ ਬਗਾਵਤ ਨੂੰ ਵਿਸ਼ਾ ਬਣਾਉਂਦਾ ਹੈ। ਥੀਏਟਰ ਟਿਕਟ ਖਿੜਕੀ 'ਤੇ ਵੀ ਕਾਮਯਾਬ ਹੋਵੇ ਤੇ ਕਲਾ ਦੇ ਪੱਖ ਤੋਂ ਸਿਖਰਾਂ ਛੂਹੇ, ਇਹ ਨਾਟਕ ਉਹਦੀ ਮਿਸਾਲ ਹੋਵੇਗਾ।

**ਸਾਹਿਤਕ ਆਲੋਚਨਾ**

ਸਾਹਿਤਕ ਹਲਕਿਆਂ ਵਿਚ ਪ੍ਰੀਤਮ ਸਿੰਘ ਦੀ ਡਾ. ਗੁਰਮਿੰਦਰ ਕੌਰ ਸਿੱਧੂ ਦੀ ਕਿਤਾਬ 'ਮੱਸਿਆ ਤੇ ਗੁਲਾਬੀ ਲੋਅ' ਦੀ ਆਲੋਚਨਾ ਬਾਰੇ ਬੜਾ ਚਰਚਾ ਹੈ। ਗੁਰਮਿੰਦਰ ਕੌਰ ਇਸ ਵੇਲੇ ਸਾਡੇ ਕਵੀ ਦਰਬਾਰਾਂ ਦੀ ਸ਼ਾਨ ਹੈ। ਉਹਦੀਆਂ ਕਵਿਤਾਵਾਂ ਲੋਕ ਮੰਨ ਨੂੰ ਟੁੰਬਦੀਆਂ ਹਨ। ਪ੍ਰੀਤਮ ਸਿੰਘ ਨੇ ਉਹਦੀ ਕਵਿਤਾ ਨੂੰ ਬਚਕਾਨਾ ਕਵਿਤਾ ਦਾ ਦਰਜਾ ਦਿੱਤਾ ਹੈ। ਫਰਾਂਸ ਦੇ ਇਨਕਲਾਬ ਵੇਲੇ ਦੀ ਇਕ ਗੱਲ ਬੜੀ ਆਮ ਕਹੀ ਜਾਂਦੀ ਰਹੀ ਹੈ ਕਿ ਜਦੋਂ ਉਸ ਇਨਕਲਾਬ ਦੀ ਆਲੋਚਨਾ ਹੁੰਦੀ ਸੀ ਤੇ ਇਹ ਪੁੱਛਿਆ ਜਾਂਦਾ ਸੀ ਕਿ ਇਹ ਆਲੋਚਨਾ ਕਿਸ ਪਲੇਟਫਾਰਮ ਤੋਂ ਅਤੇ ਕਿਸ ਵਲੋਂ ਹੋ ਰਹੀ ਹੈ? ਪ੍ਰੀਤਮ ਸਿੰਘ ਹੋਰਾਂ ਬਾਰੇ ਵੀ ਇਹ ਸਵਾਲ ਪੁੱਛਿਆ ਜਾਣਾ ਬੜਾ ਜ਼ਰੂਰੀ ਹੈ। ਉਨ੍ਹਾਂ ਵਲੋਂ ਅਕਸਰ ਕਿਤਾਬਾਂ ਦੇ ਰੀਵਿਊ ਆਉਂਦੇ ਹਨ। ਉਨ੍ਹਾਂ ਅਨੁਸਾਰ ਪੰਜਾਬ ਦਾ ਬਹੁਤਾ ਸਾਹਿਤ ਬਚਕਾਨਾ ਅਤੇ ਨਾਅਰੇਬਾਜ਼ੀ ਵਾਲਾ ਹੈ ਜਾਂ ਕਿਸੇ ਨਾ ਕਿਸੇ ਅੰਗਰੇਜ਼ੀ ਜਾਂ ਉਸ ਦੀ ਕ੍ਰਿਤ ਦੀ ਨਕਲ ਹੈ। ਉਨ੍ਹਾਂ ਕੋਲ ਇਸ ਬਾਰੇ ਦਲੀਲਾਂ ਵੀ ਹਨ। ਉਂਜ ਇਹ ਸਾਫ ਹੈ ਕਿ ਆਲੋਚਨਾ ਇਕ ਆਜ਼ਾਦ ਇਕਾਈ ਨਹੀਂ। ਆਲੋਚਕ ਦੀ ਅੰਦਰਮੁਖੀ ਸੋਚ ਅਕਸਰ ਉਹਦੇ 'ਤੇ ਹਾਵੀ ਹੋ ਜਾਂਦੀ ਹੈ। ਗੁਰਮਿੰਦਰ ਕੌਰ ਦੀ ਕਵਿਤਾ ਦੀ ਆਲੋਚਨਾ ਸਹਿਜੇ ਹੀ ਇਸ ਦੀ ਇਕ ਮਿਸਾਲ ਕਹੀ ਜਾ ਸਕਦੀ ਹੈ।

ਗੁਰਸ਼ਰਨ ਸਿੰਘ

5.3.95